City of FRESNO

**ਪਬਲਿਕ ਯੂਟੀਲਿਟੀਜ਼ ਡਿਪਾਰਟਮੈਂਟ**

# ਤੁਹਾਡੇ ਪੀਣ ਵਾਲੇ ਪਾਣੀ ਦੀ ਪਾਇਪਲਾਈਨ ਬਾਰੇ ਜ਼ਰੂਰੀ ਜਾਣਕਾਰੀ

ਅਮਰੀਕਾ ਦੀ U.S. ਐਨਵਾਇਰਨਮੈਂਟਲ ਪ੍ਰੋਟੈਕਸ਼ਨ ਏਜੰਸੀ (USEPA) ਦੇ ਨਿਯਮਾਂ ਅਨੁਸਾਰ, ਸਿਟੀ ਆਫ਼ ਫਰਿਜ਼ਨੋ ਦੇ ਪਬਲਿਕ ਯੂਟਿਲਿਟੀਜ਼ ਡਿਪਾਰਟਮੈਂਟ - ਵਾਟਰ ਡਿਵੀਜ਼ਨ ਨੇ ਦੱਸਿਆ ਹੈ ਕਿ ਤੁਹਾਡੀ ਪਾਣੀ ਦੀ ਸਰਵਿਸ ਲਾਈਨ ਵਿੱਚ 'ਲੈੱਡ ਸਟੇਟਸ ਅਣਜਾਣ' ਹੈ। ਇਸਦਾ ਮਤਲਬ ਹੈ ਕਿ ਸਾਡੀ ਸ਼ੁਰੂਆਤੀ ਜਾਂਚ ਵਿੱਚ ਅਸੀਂ ਇਹ ਪਤਾ ਨਹੀਂ ਲਗਾ ਸਕੇ ਕਿ ਤੁਹਾਡੇ ਘਰ ਜਾਂ ਬਿਲਡਿੰਗ ਨੂੰ ਸ਼ਹਿਰ ਦੇ ਪਾਣੀ ਦੀ ਪਾਈਪ ਨਾਲ ਜੋੜਨ ਵਾਲੀ ਪਾਈਪ ਕਿਸ ਚੀਜ਼ ਦੀ ਬਣੀ ਹੋਈ ਹੈ। USEPA ਦਾ ਇਹ ਅਹੁਦਾ ਦੱਸਦਾ ਹੈ ਕਿ ਜਦੋਂ ਅਸੀਂ ਸ਼ੁਰੂਆਤੀ ਸਰਵੇ ਕੀਤਾ, ਤਾਂ ਸਾਡੇ ਕੋਲ ਜੋ ਰਿਕਾਰਡ ਤੇ ਸਟੈਂਡਰਡ ਸਨ, ਉਨ੍ਹਾਂ ਦੇ ਆਧਾਰ 'ਤੇ ਅਸੀਂ ਇਹ ਨਹੀਂ ਸਮਝ ਪਾਏ ਕਿ ਤੁਹਾਡੇ ਘਰ ਜਾਂ ਬਿਲਡਿੰਗ ਨੂੰ ਸਿਟੀ ਦੇ ਪਾਣੀ ਦੀ ਮੁੱਖ ਲਾਈਨ ਨਾਲ ਜੋੜਨ ਵਾਲੀ ਪਾਈਪ ਕਿਹੜੇ ਮਟੀਰੀਅਲ ਦੀ ਬਣੀ ਹੈ।
ਜੇਕਰ ਤੁਹਾਨੂੰ ਹੋਰ ਜਾਣਕਾਰੀ ਦੀ ਲੋੜ ਹੈ, ਤਾਂ ਤੁਸੀਂ ਸਿਟੀ ਆਫ ਫਰਿਜ਼ਨੋ ਦੀ ਵੈੱਬਸਾਈਟ: www.fresno.gov/servicelines 'ਤੇ ਜਾ ਸਕਦੇ ਹੋ।

ਸਿਟੀ ਆਫ ਫਰਿਜ਼ਨੋ ਦੇ ਪਬਲਿਕ ਯੂਟਿਲਿਟੀਜ਼ ਡਿਪਾਰਟਮੈਂਟ - ਵਾਟਰ ਡਿਵੀਜ਼ਨ ਨੇ ਪਿੱਛੇ ਜੇ ਉਨ੍ਹਾਂ ਵਾਟਰ ਸਰਵਿਸ ਲਾਈਨਾਂ ਦੀ ਇਨਵੈਂਟਰੀ ਦਾ ਸਰਵੇ ਕੀਤਾ ਹੈ ਜਿਹੜੀਆਂ ਲਾਈਨਾਂ ਘਰਾਂ, ਬਿਲਡਿੰਗਾਂ ਅਤੇ ਹੋਰ ਥਾਵਾਂ ਨੂੰ ਸ਼ਹਿਰ ਦੀਆਂ ਮੁੱਖ ਪਾਣੀ ਦੀਆਂ ਪਾਈਪਾਂ ਨਾਲ ਜੋੜਦੀਆਂ ਹਨ। ਇਸ ਇਨਵੈਂਟਰੀ ਦਾ ਮਕਸਦ ਇਹ ਪਤਾ ਲਗਾਉਣਾ ਹੈ ਕਿ ਇਹ ਸਰਵਿਸ ਲਾਈਨਾਂ ਕਿਸ ਸਮੱਗਰੀ ਤੋਂ ਬਣੀਆਂ ਹਨ, ਇਸ 'ਚ ਉਹ ਹਿੱਸੇ ਵੀ ਸ਼ਾਮਲ ਹਨ ਜੋ ਗਾਹਕਾਂ ਦੇ ਕੋਲ ਹਨ।

### ਤੁਹਾਡੀ ਪਰੌਪਰਟੀ ਲਈ ਇਸਦਾ ਕੀ ਮਤਲਬ ਹੈ?
ਜਿਹੜੀ ਸਰਵਿਸ ਲਾਈਨ ਤੁਹਾਡੀ ਪਰੌਪਰਟੀ ਨੂੰ ਸ਼ਹਿਰ ਦੀ ਮੁੱਖ ਪਾਈਪ ਨਾਲ ਜੋੜਦੀ ਹੈ, ਉਸਦੇ ਮਟੀਰੀਅਲ ਦੀ ਕਿਸਮ ਅਜੇ ਤੱਕ *ਅਣਪਛਾਤੀ* ਹੈ। ਲੈੱਡ ਦੀਆਂ ਸਰਵਿਸ ਲਾਈਨਾਂ ਜਾਂ ਕੁਝ ਗੈਲਵੇਨਾਈਜ਼ਡ ਪਾਈਪਾਂ ਦੇ ਸੰਪਰਕ 'ਚ ਆਕੇ ਤੁਹਾਨੂੰ ਖਤਰਾ ਹੋ ਸਕਦਾ ਹੈ। ਇਸ ਲਈ, ਤੁਹਾਡੀ ਸਰਵਿਸ ਲਾਈਨ ਦੀ ਸਮੱਗਰੀ ਦਾ ਪਤਾ ਲਗਾਉਣਾ ਜ਼ਰੂਰੀ ਹੈ।

### ਇਹ ਕੋਈ ਐਮਰਜੈਂਸੀ ਨਹੀਂ ਹੈ।
ਤੁਹਾਡਾ ਪਾਣੀ ਪੀਣ ਲਈ ਸੁਰੱਖਿਅਤ ਹੈ ਅਤੇ ਸਾਰੇ ਫੈਡਰਲ ਤੇ ਸਟੇਟ ਦੇ ਪੀਣ ਵਾਲੇ ਪਾਣੀ ਦੇ ਸਟੈਂਡਰਡ ਨੂੰ ਪੂਰਾ ਕਰਦਾ ਹੈ। ਤੁਹਾਨੂੰ ਬੋਤਲਬੰਦ ਪਾਣੀ ਜਾਂ ਕਿਸੇ ਹੋਰ ਪਾਣੀ ਦੀ ਵਰਤੋਂ ਕਰਨ ਦੀ ਲੋੜ ਨਹੀਂ ਹੈ।

### ਸਰਵਿਸ ਲਾਈਨ ਦੇ ਟੈਸਟਿੰਗ ਨਤੀਜੇ।
ਰੁਟੀਨ ਟੈਸਟਿੰਗ ਵਜੋਂ ਸਿਟੀ ਆਫ ਫਰਿਜ਼ਨੋ ਲਗਾਤਾਰ ਜਾਂਚ ਕਰਦਾ ਰਹਿੰਦਾ ਹੈ ਕਿ ਡਿਸਟਰੀਬਿਊਸ਼ਨ ਸਿਸਟਮ ਵਿੱਚ ਕਿੰਨਾ ਲੈੱਡ ਹੈ। ਸਾਡੇ ਪਿਛਲੇ ਪਾਣੀ ਦੇ ਟੈਸਟ ਦਾ ਨਤੀਜਾ ਅਕਤੂਬਰ 2022 ਵਿੱਚ ਆਇਆ ਸੀ। ਇਸ ਦੌਰਾਨ, ਅਸੀਂ ਡਿਸਟਰੀਬਿਊਸ਼ਨ ਸਿਸਟਮ ਦੇ ਪਾਣੀ ਵਿੱਚ ਲੈੱਡ ਦੇ ਲੈਵਲ ਦੀ ਜਾਂਚ ਕੀਤੀ। 90% ਸੈਂਪਲ ਵਿੱਚ ਲੈੱਡ ਦਾ ਲੈਵਲ *0.000 mg/L* ਸੀ, U.S. EPA ਨੇ ਜੋ ਐਕਸ਼ਨ ਲੈਵਲ ਸੈੱਟ ਕੀਤਾ ਹੈ ਲੈੱਡ ਲਈ, ਉਹ ਹੈ *0.015 ਮਿਲੀਗ੍ਰਾਮ/ਲੀਟਰ*, ਸਾਡਾ ਨਤੀਜਾ ਉਸ ਨਾਲੋਂ ਬਹੁਤ ਘੱਟ ਹੈ!

### ਲੈੱਡ ਦੇ ਸੰਪਰਕ 'ਚ ਆਉਣ ਦੇ ਸਿਹਤ ਪ੍ਰਭਾਵ
*ਪਾਣੀ ਵਿੱਚ ਲੈੱਡ ਦਾ ਹੋਣਾ ਹਰ ਉਮਰ ਦੇ ਲੋਕਾਂ ਲਈ ਬਹੁਤ ਗੰਭੀਰ ਹੋ ਸਕਦਾ ਹੈ।*

- *ਬੱਚਿਆਂ ਅਤੇ ਨਿਆਣਿਆਂ ਲਈ: ਲੈੱਡ ਉਹਨਾਂ ਦੇ IQ ਅਤੇ ਅਟੈਂਸ਼ਨ ਸਪੈਨ (ਧਿਆਨ ਲਗਾਕੇ ਰੱਖਣ ਦੀ ਮਿਆਦ) ਨੂੰ ਘਟਾ ਸਕਦਾ ਹੈ। ਲੈੱਡ ਦੇ ਸੰਪਰਕ 'ਚ ਆਉਣ ਨਾਲ ਨਵੇਂ ਸਿੱਖਣ ਦੀਆਂ ਤਕਲੀਫਾਂ ਜਾਂ ਹੋਰ ਵਿਵਹਾਰਕ ਸਮੱਸਿਆਵਾਂ ਪੈਦਾ ਹੋ ਸਕਦੀਆਂ ਹਨ, ਅਤੇ ਜੇ ਪਹਿਲਾਂ ਹੀ ਇਹ ਸਮੱਸਿਆਵਾਂ ਹਨ, ਤਾਂ ਲੈੱਡ ਦੇ ਸੰਪਰਕ ਨਾਲ ਇਹ ਹੋਰ ਵੱਧ ਸਕਦੀਆਂ ਹਨ।*

- *ਜੇਕਰ ਕਿਸੇ ਔਰਤ ਨੂੰ ਗਰਭ ਅਵਸਥਾ ਦੌਰਾਨ ਜਾਂ ਇਸ ਤੋਂ ਪਹਿਲਾਂ ਲੈੱਡ ਦਾ ਸਾਹਮਣਾ ਕਰਨਾ ਪੈਂਦਾ ਹੈ, ਤਾਂ ਉਸਦੇ ਬੱਚੇ ਨੂੰ ਵੀ ਇਹ ਸਿਹਤ ਸਮੱਸਿਆਵਾਂ ਹੋ ਸਕਦੀਆਂ ਹਨ।*

- *ਬਾਲਗਾਂ ਨੂੰ ਦਿਲ ਦੀ ਬਿਮਾਰੀ, ਹਾਈ ਬਲੱਡ ਪ੍ਰੈਸ਼ਰ, ਗੁਰਦੇ ਜਾਂ ਦਿਮਾਗੀ ਪ੍ਰਣਾਲੀ ਦੀਆਂ ਸਮੱਸਿਆਵਾਂ ਦੇ ਵਧੇ ਹੋਏ ਜੋਖਮ ਹੋ ਸਕਦੇ ਹਨ।*

ਜੇਕਰ ਤੁਹਾਨੂੰ ਆਪਣੇ ਪਾਣੀ ਦੀ ਕੁਆਲਿਟੀ ਨੂੰ ਲੈਕੇ ਚਿੰਤਾ ਹੈ, ਤਾਂ ਸਟੇਟ ਵਾਟਰ ਬੋਰਡ ਦਾ ਐਨਵਾਇਰਨਮੈਂਟਲ ਲੈਬੋਰੇਟਰੀ ਅਕਰੇਡੀਟੇਸ਼ਨ ਪ੍ਰੋਗਰਾਮ (ਵਾਤਾਵਰਣ ਪ੍ਰਯੋਗਸ਼ਾਲਾ ਮਾਨਤਾ ਪ੍ਰੋਗਰਾਮ) ਹੈ, ਜਿੱਥੇ ਤੁਹਾਨੂੰ ਉਹਨਾਂ ਲੈਬਾਂ ਦਾ ਨਕਸ਼ਾ ਮਿਲਦਾ ਹੈ ਜੋ ਤੁਹਾਡੇ ਪਾਣੀ ਦੀ ਜਾਂਚ ਕਰ ਸਕਦੀਆਂ ਹਨ, ਟੈਸਟ ਲਈ ਭੁਗਤਾਨ ਕਰਨਾ ਪਵੇਗਾ ਅਤੇ ਇਨ੍ਹਾਂ ਲੈਬਾਂ ਦੀ ਸੂਚੀ ਤੁਹਾਨੂੰ ਇੱਥੇ ਮਿਲੇਗੀ: *https://www.waterboards.ca.gov/drinking_water/certlic/labs/*

ਜੇਕਰ ਤੁਹਾਨੂੰ ਅਜੇ ਵੀ ਲੀਡ ਦੇ ਸੰਪਰਕ 'ਚ ਆਉਣ ਬਾਰੇ ਸਿਹਤ ਸੰਬੰਧੀ ਚਿੰਤਾਵਾਂ ਹਨ, ਤਾਂ ਤੁਸੀਂ ਪੁਆਇੰਟ-ਆਫ-ਯੂਜ਼ (POU) ਡਿਵਾਈਸਾਂ ਲਗਾ ਸਕਦੇ ਹੋ ਜੋ ਤੁਹਾਡੇ ਪੀਣ ਵਾਲੇ ਪਾਣੀ ਦੀਆਂ ਟੂਟੀਆਂ 'ਤੇ ਵਰਤੀਆਂ ਜਾਂਦੀਆਂ ਹਨ। ਇਹ ਤੁਹਾਨੂੰ ਵਧੇਰੇ ਸੁਰੱਖਿਆ ਪ੍ਰਦਾਨ ਕਰਨਗੀਆਂ। ਤੁਹਾਨੂੰ ਇਹਨਾਂ ਰਿਹਾਇਸ਼ੀ ਇਲਾਜ਼ ਉਪਕਰਨਾਂ ਦੀ ਸੂਚੀ ਤੁਸੀਂ ਇੱਥੇ ਮਿਲੇਗੀ: *https://www.waterboards.ca.gov/drinking_water/certlic/device/watertreatmentdevices.html*

ਅਤੇ ਜੇਕਰ ਪੀਣ ਵਾਲੇ ਪਾਣੀ ਨਾਲ ਸਬੰਧਤ ਕੋਈ ਹੋਰ ਸਿਹਤ ਸਮੱਸਿਆਵਾਂ ਹਨ, ਤਾਂ ਆਪਣੇ ਡਾਕਟਰ ਜਾਂ ਹੈਲਥ ਕੇਅਰ ਪ੍ਰੋਵਾਈਡਰ ਨਾਲ ਗੱਲ ਕਰਨਾ ਸਭ ਤੋਂ ਵਧੀਆ ਹੈ।

**ਸਾਡੇ ਸਰਵਿਸ ਲਾਈਨ ਰਿਪਲੇਸਮੈਂਟ ਪਲੈਨ ਦੇ ਅਗਲੇ ਸਟੈੱਪ।**

ਇਸ ਲਈ ਸਭ ਤੋਂ ਪਹਿਲਾਂ, ਅਸੀਂ ਇਹ ਯਕੀਨੀ ਬਣਾ ਰਹੇ ਹਾਂ ਕਿ ਜਿਹੜੀਆਂ ਲੈੱਡ ਜਾਂ ਗੈਲਵੇਨਾਈਜ਼ਡ ਮਟੀਰੀਅਲ ਵਾਲੀਆਂ ਸਰਵਿਸ ਲਾਈਨਾਂ ਹਨ, ਉਨ੍ਹਾਂ ਨੂੰ ਪਛਾਣਕੇ ਰਿਪਲੇਸ ਕੀਤਾ ਜਾਵੇ। ਲਾਈਨ ਮਟੀਰੀਅਲ ਨੂੰ ਚੰਗੀ ਤਰ੍ਹਾਂ ਨਾਲ ਜਾਂਚਣ ਅਤੇ ਪਛਾਣਨ ਲਈ ਫਰਿਜ਼ਨੋ ਸਿਟੀ ਇੱਕ ਪ੍ਰਕਿਰਿਆ ਸ਼ੁਰੂ ਕਰਨ ਵਾਲਾ ਹੈ ਜਿਸਨੂੰ *ਸਟ੍ਰੈਟਿਫਾਇਡ ਰੈਂਡਮ ਸੈਂਪਲਿੰਗ* ਕਹਿੰਦੇ ਹਨ। ਜੇਕਰ ਤੁਹਾਡੀ ਸਰਵਿਸ ਲਾਈਨ ਵਿੱਚ ਲੈੱਡ ਜਾਂ ਕੁਝ ਖਾਸ ਕਿਸਮ ਦੀ ਗੈਲਵੇਨਾਈਜ਼ਡ ਸਮੱਗਰੀ ਪਾਈ ਜਾਂਦੀ ਹੈ, ਤਾਂ ਅਸੀਂ 2030 ਤੱਕ ਸ਼ਹਿਰ ਦੇ ਖੇਤਰ ਦੀ ਲਾਈਨ ਨੂੰ ਬਦਲਣ ਦੀ ਯੋਜਨਾ ਬਣ ਸਕਦੀ ਹੈ, ਜਿਵੇਂ ਕਿ ਡਿਵੀਜਨ ਆਫ ਡ੍ਰਿੰਕਿੰਗ ਵਾਟਰ (DDW) ਦੁਆਰਾ ਜ਼ਰੂਰੀ ਹੈ। ਜੇਕਰ ਤੁਸੀਂ ਆਪਣੇ ਹਿੱਸੇ ਦੀ ਸਰਵਿਸ ਲਾਈਨ ਨੂੰ ਪਹਿਲਾਂ ਬਦਲਣ ਜਾਂ ਠੀਕ ਕਰਨ ਦੀ ਯੋਜਨਾ ਬਣਾਉਂਦੇ ਹੋ, ਤਾਂ ਇਹ ਪ੍ਰਕਿਰਿਆ ਤੇਜ਼ ਹੋ ਸਕਦੀ ਹੈ। ਇਸ ਸਥਿਤੀ ਵਿੱਚ, ਸਾਨੂੰ ਵੀ ਸ਼ਹਿਰ ਵਾਲੇ ਹਿੱਸੇ ਨੂੰ ਉਸੇ ਸਮੇਂ ਬਦਲਣਾ ਪੈ ਸਕਦਾ ਹੈ।

**ਤੁਸੀਂ ਕਿਸ ਤਰ੍ਹਾਂ ਮਦਦ ਕਰ ਸਕਦੇ ਹੋ।**

ਜੇਕਰ ਤੁਸੀਂ ਆਪਣੀ ਘਰ ਦੀ ਪਾਣੀ ਦੀ ਸਰਵਿਸ ਲਾਈਨ ਨੂੰ ਬਦਲਣ ਜਾਂ ਉਸ 'ਚ ਬਦਲਾਅ ਕਰਨ ਦੀ ਸੋਚ ਰਹੇ ਹੋ, ਤਾਂ ਕਿਰਪਾ ਕਰਕੇ ਛੇਤੀ ਤੋਂ ਛੇਤੀ ਸਿਟੀ ਔਂਫ਼ ਫਰਿਜ਼ਨੋ ਨੂੰ ਸੂਚਿਤ ਕਰੋ। ਇਸ ਨਾਲ ਸਾਨੂੰ ਲੋੜ ਮੁਤਾਬਿਕ ਆਪਣੀ ਪਾਈਪਲਾਈਨ ਦੇ ਹਿੱਸੇ ਨੂੰ ਵੀ ਸਹੀ ਸਮੇਂ 'ਤੇ ਬਦਲਣ ਦਾ ਮੌਕਾ ਮਿਲੇਗਾ। ਨਾਲ ਹੀ, ਜੇ ਤੁਹਾਨੂੰ ਲੱਗਦਾ ਹੈ ਕਿ ਤੁਹਾਡੀ ਸਰਵਿਸ ਲਾਈਨ ਦਾ ਮਟੀਰੀਅਲ ਗ਼ਲਤ ਤਰੀਕੇ ਨਾਲ ਪਛਾਣਿਆ ਗਿਆ ਹੈ, ਤਾਂ ਛੇਤੀ ਤੋਂ ਛੇਤੀ ਸਾਡੇ ਨਾਲ ਸੰਪਰਕ ਕਰੋ। ਤੁਸੀਂ ਵੀ ਸਿਟੀ ਦੀ ਮਦਦ ਕਰ ਸਕਦੇ ਹੋ ਆਪਣੀ ਸਰਵਿਸ ਲਾਈਨ ਦਾ ਮਟੀਰੀਅਲ ਪਛਾਣਨ ਵਿੱਚ। ਜੇਕਰ ਤੁਸੀਂ ਆਪਣੀ ਪਰੌਪਰਟੀ ਦੀ ਸਰਵਿਸ ਲਾਈਨ ਦੀ ਕਿਸਮ ਜਾਣਨੀ ਹੋਵੇ, ਤਾਂ U.S. EPA ਦਾ *Protect Your Tap* ਗਾਈਡ ਦੇਖੋ। ਇਹ ਲਿੰਕ ਹੈ: https://www.epa.gov/pyt ਜਾਂ ਫਿਰ LSLR Collaborative ਦੇ ਰਿਸੋਰਸ ਪੇਜ https://www.lslr-collaborative.org/downloadable-resources.html 'ਤੇ ਹੋਰ ਜਾਣਕਾਰੀ ਲੈ ਸਕਦੇ ਹੋ।

**ਹੋਰ ਜਾਣਕਾਰੀ ਤੇ ਰਿਸੋਰਸ**

ਕਿਰਪਾ ਕਰਕੇ ਇਸ ਮਹੱਤਵਪੂਰਨ ਜਾਣਕਾਰੀ ਨੂੰ ਹਰ ਉਸ ਵਿਅਕਤੀ ਨਾਲ ਸਾਂਝਾ ਕਰੋ ਜੋ ਇਸ ਪਾਣੀ ਨੂੰ ਪੀਂਦੇ ਹਨ, ਖਾਸ ਕਰਕੇ ਉਹਨਾਂ ਲੋਕਾਂ ਨਾਲ ਜਿਨ੍ਹਾਂ ਨੂੰ ਇਹ ਨੋਟਿਸ ਸਿੱਧੇ ਤੌਰ 'ਤੇ ਨਹੀਂ ਮਿਲਿਆ (ਉਹ ਲੋਕ ਜੋ ਅਪਾਰਟਮੈਂਟਸ, ਨਰਸਿੰਗ ਹੋਮਜ਼ ਅਤੇ ਸਕੂਲਾਂ ਵਿੱਚ ਕੰਮ ਕਰਦੇ ਹਨ ਅਤੇ ਬਿਜ਼ਨਸ ਸੰਭਾਲਦੇ ਨੇ)। ਅਜਿਹਾ ਕਰਨ ਲਈ ਤੁਸੀਂ ਕਿਸੇ ਜਨਤਕ ਸਥਾਨ 'ਤੇ ਜਨਤਕ ਨੋਟਿਸ ਲਗਾਓ, ਜਾਂ ਕਾਪੀਆਂ ਹੱਥੀਂ ਜਾਂ ਡਾਕ ਰਾਹੀਂ ਵੰਡੋ।

**ਇਹ ਨੋਟਿਸ ਇਹਨਾਂ ਦੁਆਰਾ ਭੇਜਿਆ ਗਿਆ ਹੈ:** ਸਿਟੀ ਆਫ ਫਰਿਜ਼ਨੋ ਵਾਟਰ ਡਿਵੀਜ਼ਨ ਵੱਲੋਂ

**ਸਟੇਟ ਵਾਟਰ ਸਿਸਟਮ ਨੰਬਰ:** 1010007

**ਵੰਡਣ ਦੀ ਮਿਤੀ:** 15 ਨਵੰਬਰ, 2024